PUNJABI

FKA CHILDREN'S SERVICES INC

# ਆਪਣੀ ਪਰਿਵਾਰਕ ਭਾਸ਼ਾ[ਵਾਂ] ਨੂੰ ਬਣਾਈ ਰੱਖਣਾ

ਆਪਣੀ ਪਰਿਵਾਰਕ ਭਾਸ਼ਾ ਨੂੰ ਬਣਾਈ ਰੱਖਣਾ ਬਾਅਦ ਵਿੱਚ ਭਾਸ਼ਾ ਦੇ ਸਾਰੇ ਵਿਕਾਸ ਦੀ ਨੀਂਹ ਹੈ। ਤੁਹਾਡਾ ਬੱਚਾ ਆਸਾਨੀ ਨਾਲ ਇੱਕ ਤੋਂ ਵਧੇਰੇ ਭਾਸ਼ਾਵਾਂ ਨੂੰ ਹਾਸਲ ਕਰ ਸਕਦਾ ਹੈ ਜਦ ਉਹਨਾਂ ਕੋਲ ਮਜ਼ਬੂਤ ਭਾਸ਼ਾ ਦੇ ਮਾਡਲਾਂ ਦੇ ਨਾਲ ਦੇਖਣ, ਸੁਣਨ ਅਤੇ ਗੱਲਬਾਤ ਕਰਨ ਦੇ ਮੌਕੇ ਹੁੰਦੇ ਹਨ।

ਵਿਕਟੋਰੀਆ ਵਿੱਚ ਮੁੱਢਲੇ ਸਾਲਾਂ ਦੇ ਪੇਸ਼ੇਵਰਾਂ ਦਾ ਮਾਰਗ-ਦਰਸ਼ਨ *ਵਿਕਟੋਰੀਆ ਦੇ ਮੁੱਢਲੇ ਸਾਲਾਂ ਦੀ ਸਿੱਖਿਆ ਅਤੇ ਵਿਕਾਸ ਢਾਂਚੇ* ਦੁਆਰਾ ਕੀਤਾ ਜਾਂਦਾ ਹੈ (VEYLDF)। ਢਾਂਚਾ ਬਹੁ-ਭਾਸ਼ਾਵਾਦ ਨੂੰ ਸੰਪਤੀ ਵਜੋਂ ਮਾਨਤਾ ਦਿੰਦਾ ਹੈ ਅਤੇ ਇਹ ਉਮੀਦ ਨੂੰ ਸਥਾਪਤ ਕਰਦਾ ਹੈ ਕਿ ਬੱਚਿਆਂ ਨੂੰ ਆਪਣੀ ਪਰਿਵਾਰਕ ਭਾਸ਼ਾ[ਵਾਂ], ਇੱਕ ਵਧੀਕ ਭਾਸ਼ਾ ਵਜੋਂ ਅੰਗਰੇਜ਼ੀ ਸਿੱਖਣ ਅਤੇ ਮੁੱਢਲੇ ਸਾਲਾਂ ਦੀ ਸਿੱਖਿਆ ਅਤੇ ਸੰਭਾਲ ਦੇ ਪ੍ਰੋਗਰਾਮਾਂ (VEYLDF, 2016) ਵਿੱਚ ਹਾਜ਼ਰੀ ਭਰਨ ਦੌਰਾਨ ਅੰਗਰੇਜ਼ੀ ਤੋਂ ਇਲਾਵਾ ਹੋਰ ਭਾਸ਼ਾਵਾਂ ਸਿੱਖਣ ਲਈ ਸਹਾਇਤਾ ਦਿੱਤੀ ਜਾਵੇਗੀ।

ਤੁਹਾਡੇ ਬੱਚੇ ਨੂੰ ਉਹਨਾਂ ਦੀ ਪਰਿਵਾਰਕ ਭਾਸ਼ਾ[ਵਾਂ] ਨੂੰ ਬਣਾਈ ਰੱਖਣ ਅਤੇ ਵਿਕਸਤ ਕਰਨ ਵਿੱਚ ਬਹੁਤ ਸਾਰੇ ਲਾਭ ਮਿਲਦੇ ਹਨ:

- ਤੁਹਾਡਾ ਬੱਚਾ ਤੁਹਾਡੀ ਪਰਿਵਾਰਕ ਭਾਸ਼ਾ ਦੀ ਵਰਤੋਂ ਕਰਕੇ ਆਪਣੀ ਬੌਧਿਕ ਲਚਕਦਾਰਤਾ ਅਤੇ ਵਿਕਾਸ ਦਾ ਵਿਸਥਾਰ ਕਰ ਸਕਦਾ ਹੈ।
- ਪਰਿਵਾਰਕ ਰਿਸ਼ਤਿਆਂ, ਸਬੰਧਾਂ ਦੀ ਸਿਰਜਣਾ ਕਰਨ ਅਤੇ ਸੰਬੰਧਾਂ ਦੀ ਭਾਵਨਾ ਵਾਸਤੇ ਤੁਹਾਡੀ ਪਰਿਵਾਰਕ ਭਾਸ਼ਾ[ਵਾਂ] ਦੀ ਸਾਂਭ-ਸੰਭਾਲ ਜ਼ਰੂਰੀ ਹੈ।
- ਪਰਿਵਾਰਕ ਭਾਸ਼ਾ[ਵਾਂ] ਤੁਹਾਡੇ ਬੱਚੇ ਦੀ ਪਛਾਣ, ਸੱਭਿਆਚਾਰ ਅਤੇ ਭਲਾਈ ਨਾਲ ਬਹੁਤ ਜ਼ਿਆਦਾ ਜੁੜੀ ਹੋਈ ਹੈ।
- ਤੁਹਾਡੀ ਪਰਿਵਾਰਕ ਭਾਸ਼ਾ[ਵਾਂ] ਵਿੱਚ ਬੋਲਣ ਦਾ ਪਰਵਾਹ ਤੁਹਾਡੇ ਬੱਚੇ ਨੂੰ ਅੰਗਰੇਜ਼ੀ ਵਰਗੀਆਂ ਵਧੀਕ ਭਾਸ਼ਾਵਾਂ ਸਿੱਖਣ ਵਿੱਚ ਸਹਾਇਤਾ ਕਰਦਾ ਹੈ।

VEYLDF (2016) ਅਧਿਆਪਕਾਂ ਨੂੰ ਸਮਝਾਉਂਦਾ ਹੈ ਕਿ 'ਪਹਿਲੀਆਂ ਜਾਂ ਘਰੇਲੂ ਭਾਸ਼ਾਵਾਂ ਦੀ ਪ੍ਰਾਪਤੀ ਅਤੇ ਸਾਂਭ-ਸੰਭਾਲ ਦੀ, ਪਛਾਣ ਦੀ ਉਸਾਰੀ ਵਿੱਚ ਮਹੱਤਵਪੂਰਣ ਅਤੇ ਨਿਰੰਤਰ ਭੂਮਿਕਾ ਹੈ' (ਸਫਾ 18)। ਇਸ ਕਰਕੇ, ਇੱਕ ਵਧੀਕ ਭਾਸ਼ਾ ਵਜੋਂ ਅੰਗਰੇਜ਼ੀ ਦੇ ਵਿਕਾਸ ਵਿੱਚ ਸਹਾਇਤਾ ਕਰਨ ਦਾ ਜ਼ਰੂਰੀ ਹਿੱਸਾ ਹੈ ਸਿੱਖਿਅਕਾਂ ਅਤੇ ਪਰਿਵਾਰਾਂ ਵਾਸਤੇ ਸਹਿਯੋਗਕਾਰੀ ਭਾਈਵਾਲੀਆਂ ਵਿੱਚ ਸ਼ਾਮਲ ਹੋਣਾ, ਤਾਂ ਜੋ ਬੱਚਿਆਂ ਨੂੰ ਆਪਣੀ ਪਰਿਵਾਰਕ ਭਾਸ਼ਾ[ਵਾਂ] ਨੂੰ ਬਣਾਈ ਰੱਖਣ ਅਤੇ ਉਹਨਾਂ ਦਾ ਵਿਕਾਸ ਕਰਨਾ ਜਾਰੀ ਰੱਖਣ ਲਈ ਉਤਸ਼ਾਹਤ ਕੀਤਾ ਜਾ ਸਕੇ।

## ਮੁੱਢਲੇ ਸਾਲਾਂ ਦੀ ਸਿੱਖਿਆ ਅਤੇ ਸੰਭਾਲ ਦੇ ਪ੍ਰੋਗਰਾਮਾਂ ਦੇ ਵਾਤਾਵਰਣਾਂ ਵਿੱਚ ਵਧੀਕ ਭਾਸ਼ਾ ਵਜੋਂ ਅੰਗਰੇਜ਼ੀ ਦਾ ਵਿਕਾਸ ਕਰਨਾ

ਤੁਹਾਡੇ ਬੱਚੇ ਨੂੰ ਵਿਕਟੋਰੀਆ ਦੇ ਮੁੱਢਲੇ ਸਾਲਾਂ ਦੀ ਸਿੱਖਿਆ ਅਤੇ ਸੰਭਾਲ ਦੇ ਪ੍ਰੋਗਰਾਮਾਂ ਦੇ ਵਾਤਾਵਰਣਾਂ ਵਿੱਚ ਅੰਗਰੇਜ਼ੀ ਸਿੱਖਣ ਦੇ ਬਹੁਤ ਸਾਰੇ ਮੌਕੇ ਹੋਣਗੇ। ਖੋਜ ਸਾਨੂੰ ਦੱਸਦੀ ਹੈ ਕਿ 'ਬੱਚੇ ਭਾਸ਼ਾ, ਸਪੱਸ਼ਟ ਮਾਡਲਿੰਗ ਅਤੇ ਭਾਸ਼ਾ ਦੀ ਸਿੱਖਿਆ ਦੇ ਸੰਪਰਕ ਵਿੱਚ ਆਉਣ ਦੁਆਰਾ, ਅਤੇ ਨਵੀਂ ਭਾਸ਼ਾ ਨੂੰ ਹਾਸਲ ਕਰਨ ਲਈ ਉਚਿਤ ਸਮਾਂ ਦੇ ਕੇ ਵਧੀਕ ਭਾਸ਼ਾ ਵਜੋਂ ਅੰਗਰੇਜ਼ੀ (ਜਾਂ ਹੋਰ ਭਾਸ਼ਾ) ਨੂੰ ਸਫਲਤਾ ਨਾਲ ਸਿੱਖ ਸਕਦੇ ਹਨ' (VEYLDF, 2016, ਸਫਾ 22)।

ਇੱਕ ਭਾਸ਼ਾ ਜਾਨਣਾ ਬੱਚਿਆਂ ਨੂੰ ਇਹ ਸਮਝਣ ਵਿੱਚ ਮਦਦ ਕਰ ਸਕਦਾ ਹੈ ਕਿ ਹੋਰ ਭਾਸ਼ਾਵਾਂ ਕਿਵੇਂ ਕੰਮ ਕਰਦੀਆਂ ਹਨ। ਇੱਕ ਭਾਸ਼ਾ ਵਿੱਚ ਬੱਚਿਆਂ ਦੁਆਰਾ ਵਿਕਸਤ ਕੀਤੇ ਹੁਨਰਾਂ ਨੂੰ ਨਵੀਂ ਭਾਸ਼ਾ ਵਿੱਚ ਤਬਦੀਲ ਕੀਤਾ ਜਾ ਸਕਦਾ ਹੈ। ਪਰਿਵਾਰਕ ਭਾਸ਼ਾ ਦੇ ਰਾਹੀਂ ਹੀ ਬੱਚੇ ਨਵੀਂ ਭਾਸ਼ਾ, ਇਸ ਦੇ ਨਿਯਮਾਂ ਅਤੇ ਸ਼ਬਦਾਵਲੀ ਦਾ ਮਤਲਬ ਸਮਝ ਸਕਦੇ ਹਨ। ਜਦ ਤੁਹਾਡਾ ਬੱਚਾ ਅੰਗਰੇਜ਼ੀ ਭਾਸ਼ਾ ਦੇ ਵਾਤਾਵਰਣ ਵਿੱਚ ਲੀਨ ਹੋ ਜਾਂਦਾ ਹੈ, ਤਾਂ ਉਹਨਾਂ ਨੂੰ ਕਈ ਵੱਖ ਵੱਖ ਸੰਦਰਭਾਂ ਵਿੱਚ ਅੰਗਰੇਜ਼ੀ ਸੁਣਨ ਦਾ ਮੌਕਾ ਮਿਲੇਗਾ। ਉਹ ਹੋਰਨਾਂ ਬੱਚਿਆਂ ਨਾਲ ਜੁੜਨਾ ਅਤੇ ਖੇਡਣਾ ਚਾਹੁਣਗੇ ਅਤੇ ਸਿੱਖਿਅਕ ਤੁਹਾਡੇ ਬੱਚੇ ਨੂੰ ਵਧੀਆ ਮਾਡਲ ਅਤੇ ਅੰਗਰੇਜ਼ੀ ਸੁਣਨ ਤੇ ਅਭਿਆਸ ਕਰਨ ਦੇ ਬਹੁਤ ਸਾਰੇ ਮੌਕੇ ਪ੍ਰਦਾਨ ਕਰਨਗੇ।

ਭਾਸ਼ਾ ਦੇ ਹੁਨਰ ਕਿਸੇ ਬੱਚੇ ਦੀ ਪਹਿਲੀ ਭਾਸ਼ਾ ਦੇ ਤਜ਼ਰਬਿਆਂ, ਨਵੀਂ ਭਾਸ਼ਾ ਅਤੇ ਨਵੇਂ ਵਾਤਾਵਰਣਾਂ ਜਿੰਨ੍ਹਾਂ ਵਿੱਚ ਉਹ ਸਿੱਖ ਰਹੇ ਹਨ, ਦੇ ਸੰਪਰਕ ਵਿੱਚ ਆਉਣ ਦੀ ਗਤੀ ਨਾਲ ਵਿਕਸਤ ਹੁੰਦੇ ਹਨ। ਇੱਕੋ ਸਮੇਂ ਤੇ ਇੱਕ ਤੋਂ ਵਧੇਰੇ ਭਾਸ਼ਾਵਾਂ ਸਿੱਖਣ ਵਾਲੇ ਬੱਚੇ, ਕੁਝ ਸਮੇਂ ਲਈ, ਇਕ ਭਾਸ਼ਾ ਦੂਜੀ ਭਾਸ਼ਾ ਨਾਲੋਂ ਵਧੇਰੇ ਬੋਲ ਸਕਦੇ ਹਨ। ਸ਼ੁਰੂ ਵਿੱਚ ਬੱਚੇ ਬੋਲਦੇ ਸਮੇਂ ਭਾਸ਼ਾਵਾਂ ਨੂੰ ਆਪੋ ਵਿੱਚ ਮਿਲਾ ਸਕਦੇ ਹਨ। ਹੋ ਸਕਦਾ ਹੈ ਉਹ ਸ਼ਬਦ ਨੂੰ ਇੱਕ ਭਾਸ਼ਾ ਵਿੱਚ ਜਾਣ ਲੈਣ, ਦੂਜੀ ਭਾਸ਼ਾ ਵਿੱਚ ਨਹੀਂ। ਆਪਣੀ ਗੱਲਬਾਤ ਦੀ ਰਵਾਨਗੀ ਨੂੰ ਬਣਾਈ ਰੱਖਣ ਲਈ, ਉਹ ਉਹਨਾਂ ਸ਼ਬਦਾਂ ਦੀ ਵਰਤੋਂ ਕਰਦੇ ਹਨ ਜਿੰਨ੍ਹਾਂ ਨੂੰ ਉਹ ਜਾਣਦੇ ਹਨ। ਇਹ ਕੁਦਰਤੀ ਅਤੇ ਲਚਕਦਾਰ ਹੁਨਰ ਹੈ ਕਿਉਂਕਿ ਉਹ ਬਹੁ-ਭਾਸ਼ਾਈ ਸੰਦਰਭਾਂ ਵਿੱਚ ਆਪਣੀਆਂ ਭਾਸ਼ਾਵਾਂ ਦੀ ਵਰਤੋਂ ਕਰਦੇ ਹਨ।

## ਯਾਦ ਰੱਖੋ...

ਇੱਕ ਨਵੀਂ ਭਾਸ਼ਾ ਵਿੱਚ ਗੱਲਬਾਤ ਵਾਲੀ ਸ਼ਬਦਾਵਲੀ ਨੂੰ ਵਿਕਸਤ ਕਰਨ ਵਿੱਚ ਸਮਾਂ ਲੱਗਦਾ ਹੈ ਅਤੇ ਬੱਚਿਆਂ ਨੂੰ ਆਪਣੇ ਆਸ-ਪਾਸ ਦੇ ਬਾਲਗਾਂ ਤੋਂ ਸਮੇਂ ਦੀ ਅਤੇ ਬਿਨਾਂ ਦਬਾਅ ਤੋਂ ਸਹਾਇਤਾ ਦੀ ਲੋੜ ਹੁੰਦੀ ਹੈ ਕਿਉਂਕਿ ਉਹ ਇੱਕ ਵਧੀਕ ਭਾਸ਼ਾ ਸਿੱਖਣ ਦੀਆਂ ਪ੍ਰਕਿਰਿਆਵਾਂ ਵਿੱਚੋਂ ਲੰਘਦੇ ਹਨ।

ਇਹ ਸਾਰੇ ਬੱਚਿਆਂ ਦਾ ਅਧਿਕਾਰ ਹੈ ਕਿ ਉਹ ਆਪਣੀ ਪਰਿਵਾਰਕ ਭਾਸ਼ਾ[ਵਾਂ] ਦੀ ਵਰਤੋਂ ਕਰਨ ਅਤੇ ਸਿੱਖਣ (UNCRC, 1989)।

**References**


Department of Education and Training, 2016. *Victorian Early Years Learning and Development Framework.*

UNICEF, 1989. *United Nations Convention on the Rights of the Child (UNCRN).*